# Telephone conversation between Prime Minister Narendra Modi and His Excellency Joseph R. Biden, President-elect of the United States of America

November 17, 2020

## ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਨਵ–ਨਿਰਵਾਚਿਤ ਰਾਸ਼ਟਰਪਤੀ ਮਹਾਮਹਿਮ ਜੋਜ਼ਫ਼ ਆਰ. ਬਾਇਡਨ ਦੀ ਟੈਲੀਫ਼ੋਨ 'ਤੇ ਗੱਲਬਾਤ ਹੋਈ

17 ਨਵੰਬਰ, 2020

ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਨੇ ਸੰਯੁਕਤ ਰਾਜ ਅਮਰੀਕਾ ਦੇ ਨਵ–ਨਿਰਵਾਚਿਤ ਰਾਸ਼ਟਰਪਤੀ ਮਹਾਮਹਿਮ ਜੋਜ਼ਫ਼ ਆਰ. ਬਾਇਡਨ ਨਾਲ ਅੱਜ ਟੈਲੀਫ਼ੋਨ ਉੱਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਨਵ–ਨਿਰਵਾਚਿਤ ਰਾਸ਼ਟਰਪਤੀ ਬਾਇਡਨ ਨੂੰ ਉਨ੍ਹਾਂ ਦੀ ਚੋਣ ਉੱਤੇ ਗਰਮਜੋਸ਼ੀ ਨਾਲ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਅਮਰੀਕਾ ਵਿੱਚ ਇਹ ਜਮਹੂਰੀ ਰਵਾਇਤਾਂ ਦੀ ਮਜ਼ਬੂਤੀ ਤੇ ਲਚਕਤਾ ਦਾ ਇੱਕ ਸਬੂਤ ਹੈ।

ਪ੍ਰਧਾਨ ਮੰਤਰੀ ਨੇ ਸੈਨੇਟਰ ਅਤੇ ਨਵ–ਨਿਰਵਾਚਿਤ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਵੀ ਤਹਿ–ਦਿਲੋਂ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੱਤੀਆਂ।

ਪ੍ਰਧਾਨ ਮੰਤਰੀ ਨੇ ਸਾਲ 2014 ਅਤੇ 2016 'ਚ ਅਮਰੀਕਾ ਦੇ ਆਪਣੇ ਸਰਕਾਰੀ ਦੌਰਿਆਂ ਦੌਰਾਨ ਮਹਾਮਹਿਮ ਜੋਜ਼ਫ਼ ਆਰ. ਬਾਇਡਨ ਨਾਲ ਹੋਈ ਉਸ ਵੇਲੇ ਦੀ ਗੱਲਬਾਤ ਨੂੰ ਉਤਸ਼ਾਹ ਨਾਲ ਚੇਤੇ ਕੀਤਾ। ਮਹਾਮਹਿਮ ਜੋਜ਼ਫ਼ ਆਰ. ਬਾਇਡਨ ਨੇ ਅਮਰੀਕੀ ਸੰਸਦ ਦੇ ਸਾਂਝੇ ਸੈਸ਼ਨ ਦੀ ਪ੍ਰਧਾਨਗੀ ਕੀਤੀ ਸੀ ਤੇ ਸਾਲ 2016 ਦੇ ਉਸ ਸੈਸ਼ਨ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸੰਬੋਧਨ ਕੀਤਾ ਸੀ।

ਇਹ ਆਗੂ ਸਾਂਝੀਆਂ ਕਦਰਾਂ–ਕੀਮਤਾਂ ਤੇ ਸਾਂਝੇ ਹਿਤਾਂ ਦੇ ਅਧਾਰ ਉੱਤੇ ਭਾਰਤ–ਅਮਰੀਕਾ ਵਿਆਪਕ ਵਿਸ਼ਵ–ਪੱਧਰੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਏ। ਉਨ੍ਹਾਂ ਕੋਵਿਡ–19 ਮਹਾਮਾਰੀ ਨੂੰ ਰੋਕਣ, ਕਿਫ਼ਾਇਤੀ ਵੈਕਸੀਨਾਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨ, ਜਲਵਾਯੂ ਪਰਿਵਰਤਨ ਦੀ ਸਮੱਸਿਆ ਨਾਲ ਨਿਪਟਣ ਤੇ ਹਿੰਦ–ਪ੍ਰਸ਼ਾਂਤ ਮਹਾਸਾਗਰਾਂ ਦੇ ਖੇਤਰ ਵਿੱਚ ਸਹਿਯੋਗ ਸਮੇਤ ਆਪਣੀਆਂ ਤਰਜੀਹਾਂ ਬਾਰੇ ਵੀ ਵਿਚਾਰ–ਚਰਚਾ ਕੀਤੀ।

ਨਵੀਂ ਦਿੱਲੀ
17 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.